Giving in Action



ਚਿਲਡਰਨ ਐਂਡ ਯੂਥ ਵਿਦ ਸਪੈਸ਼ਲ ਨੀਡਜ਼ ਫੰਡ
(ਖਾਸ ਲੋੜਾਂ ਵਾਲੇ ਬੱਚਿਆਂ ਅਤੇ ਜਵਾਨਾਂ ਲਈ ਫੰਡ)

ਫੈਮਿਲੀ ਇੰਡੀਪੈਨਡੈਂਸ ਫੰਡ (ਪਰਿਵਾਰਾਂ ਦੀ ਆਜ਼ਾਦੀ ਲਈ ਫੰਡ)

---

ਵੈਨਕੂਵਰ ਫਾਉਂਡੇਸ਼ਨ ਨੇ ਮਦਦ ਕੀਤੀ

## ਗਿਵਿੰਗ ਇਨ ਐਕਸ਼ਨ ਬਾਰੇ

ਗਿਵਿੰਗ ਇਨ ਐਕਸ਼ਨ ਇਕ ਦਾਨੀ ਸੰਸਥਾ ਹੈ ਜੋ ਕਿ ਵੈਨਕੂਵਰ ਫਾਉਂਡੇਸ਼ਨ ਵਲੋਂ 2006 ਵਿਚ ਸਥਾਪਤ ਕੀਤੀ ਗਈ ਸੀ। ਇਹ ਸੁਸਾਇਟੀ, ਫੈਮਿਲੀ ਇੰਡੀਪੈਨਡੈਂਸ ਫੰਡ ਅਤੇ ਚਿਲਡਰਨ ਐਂਡ ਯੂਥ ਵਿਦ ਸਪੈਸ਼ਲ ਨੀਡਜ਼ ਫੰਡ ਰਾਹੀਂ ਬੀ ਸੀ ਵਿਚ ਵਿਅਕਤੀਆਂ ਅਤੇ ਪਰਿਵਾਰਾਂ ਨੂੰ ਗਰਾਂਟਾਂ ਦਿੰਦੀ ਹੈ ਅਤੇ ਕੈਨੇਡਾ ਰੈਵੇਨਿਊ ਏਜੰਸੀ ਨਾਲ ਰਜਿਸਟਰ ਹੈ।

Giving In Action: Children and Youth with Special Needs & Fund Family Independecne Fund [Punjabi]

## ਅਪਲਾਈ ਕਿਵੇਂ ਕਰਨਾ ਹੈ

**ਕਦਮ 1: ਇਨਕੁਆਰੀ ਦੀ ਚਿੱਠੀ ਦਰਜ ਕਰਵਾਉ**
– ਜੋ ਕਿ ਇਕ ਸਾਦੀ ਦੋ-ਸਫਿਆਂ ਦੀ ਤਜਵੀਜ਼ (ਪ੍ਰੋਪੋਜ਼ਲ) ਹੈ ਜਿਸ ’ਤੇ ਇਹ ਪਤਾ ਲਾਉਣ ਲਈ ਵਿਚਾਰ ਕੀਤੀ ਜਾਵੇਗੀ ਕਿ ਕੀ ਕੀਤੀ ਗਈ ਬੇਨਤੀ ਫੰਡ ਦੀਆਂ ਗਾਈਡਲਾਈਨਾਂ (ਸੇਧਾਂ) ਦੀ ਪਾਲਣਾ ਕਰਦੀ ਹੈ ਕਿ ਨਹੀਂ।

**ਕਦਮ 2: ਪੂਰੀ ਅਰਜ਼ੀ ਦਰਜ ਕਰਵਾਉ**
– ਜੋ ਕਿ ਇਕ ਪੂਰੀ ਅਰਜ਼ੀ (ਐਪਲੀਕੇਸ਼ਨ) ਹੈ ਜਿਸ ਦੇ ਹੱਕ ਵਿਚ ਹੋਰ ਦਸਤਾਵੇਜ਼ ਲਗਾਏ ਜਾਂਦੇ ਹਨ। ਅਰਜ਼ੀਆਂ ’ਤੇ ਹਰ ਮਹੀਨੇ ਫੰਡ ਦੀ ਸਲਾਹਕਾਰ ਕਮੇਟੀ ਵਲੋਂ ਵਿਚਾਰ ਕੀਤੀ ਜਾਂਦੀ ਹੈ।

ਇਨਕੁਆਰੀ ਦੀ ਚਿੱਠੀ ਲਈ ਫਾਰਮ ਅਤੇ ਪੂਰੀ ਅਰਜ਼ੀ ਦੇ ਵੇਰਵੇ ਇਸ ਐਡਰੈਸ ’ਤੇ ਇੰਟਰਨੈੱਟ ’ਤੇ ਦੇਖੇ ਜਾ ਸਕਦੇ ਹਨ: **www.givinginaction.ca**


Suite 1200
555 West Hastings Street
Box 12132 Harbour Centre
Vancouver BC V6B 4N6

T 604.683.3157
TF 1.866.523.3157
F 604.683.3134
W www.givinginaction.ca







# ਫੈਮਿਲੀ ਇੰਡੀਪੈਨਡੈਂਸ ਫੰਡ (ਪਰਿਵਾਰਾਂ ਦੀ ਆਜ਼ਾਦੀ ਲਈ ਫੰਡ)

ਫੈਮਿਲੀ ਇੰਡੀਪੈਨਡੈਂਸ ਫੰਡ (ਪਰਿਵਾਰਾਂ ਦੀ ਆਜ਼ਾਦੀ ਲਈ ਫੰਡ), ਸੂਬੇ ਭਰ ਵਿਚ ਉਨ੍ਹਾਂ ਪਰਿਵਾਰਾਂ ਦੀ ਮਦਦ ਲਈ ਫੰਡ ਦਿੰਦਾ ਹੈ ਜਿਨ੍ਹਾਂ ਦੇ ਘਰ ਵਿਚ ਵਿਕਾਸ ਨਾਲ ਸੰਬੰਧਿਤ ਅਪਾਹਜਤਾ ਵਾਲੇ ਬੱਚੇ ਜਾਂ ਬਾਲਗ ਰਹਿ ਰਹੇ ਹਨ।

ਫੈਮਿਲੀ ਇੰਡੀਪੈਨਡੈਂਸ ਫੰਡ ਤੋਂ ਮਿਲਣ ਵਾਲੀਆਂ ਗਰਾਂਟਾਂ, ਸਕੇ-ਸਬੰਧੀ ਦੀ ਜਾਰੀ ਰਹਿਣ ਵਾਲੀ ਸੰਭਾਲ ਵਿਚ ਮਦਦ ਕਰਦੀਆਂ ਹਨ ਅਤੇ ਅਜਿਹਾ ਘਰ ਦੀ ਰੈਨੋਵੇਸ਼ਨ (ਸੁਧਾਈ) ਵਰਗੇ ਪ੍ਰੋਜੈਕਟਾਂ ਲਈ ਮਦਦ ਦੇ ਕੇ ਕੀਤਾ ਜਾਂਦਾ ਹੈ – ਜਿਸ ਵਿਚ ਲਿਫਟਾਂ, ਐਲੀਵੇਟਰ, ਢਾਲਵੀਂਆਂ ਪੌੜੀਆਂ (ਰੈਂਪ), ਫਰਸ਼ਾਂ, ਦਰਵਾਜ਼ਿਆਂ ਨੂੰ ਚੌੜਾ ਕਰਨਾ ਜਾਂ ਗੱਡੀ ਵਿਚ ਸੋਧਾਂ ਕਰਨਾ ਸ਼ਾਮਲ ਹੈ – ਜਿਸ ਨਾਲ ਵਿਕਾਸ ਨਾਲ ਸੰਬੰਧਿਤ ਅਪਾਹਜ, ਪਰਿਵਾਰ ਦੇ ਘਰ ਅਤੇ ਆਪਣੀ ਕਮਿਉਨਟੀ ਵਿਚ ਰਹਿਣ ਦੇ ਯੋਗ ਹੁੰਦਾ ਹੈ।

ਫੈਮਿਲੀ ਇੰਡੀਪੈਨਡੈਂਸ ਫੰਡ ਵਿਕਾਸ ਨਾਲ ਸੰਬੰਧਿਤ ਅਪਾਹਜਤਾ ਦੀ ਪ੍ਰੀਭਾਸ਼ਾ ਇਸ ਤਰ੍ਹਾਂ ਕਰਦਾ ਹੈ:
- ਘੱਟ ਆਈ ਕਿਉ (ਘੱਟ ਬੁੱਧੀ ਹੋਣਾ)
- 18 ਸਾਲ ਤੋਂ ਘੱਟ ਉਮਰ ਵਿਚ ਅਪਾਹਜਤਾ ਦਾ ਪਤਾ ਲੱਗਣਾ
- ਕਮਜ਼ੋਰ ਅਨੁਕੂਲਣਸ਼ੀਲ ਕਾਰਜ ਬਾਰੇ ਸਹਿਮਤੀ

ਪਹਿਲ ਉਨ੍ਹਾਂ ਪਰਿਵਾਰਾਂ ਨੂੰ ਦਿੱਤੀ ਜਾਂਦੀ ਹੈ ਜਿਹੜੇ ਇਹ ਦੱਸਦੇ ਹਨ ਕਿ ਮਦਦ ਲਈ ਬੇਨਤੀ ਆਪਣੇ ਸਬੰਧੀ ਦੀ ਲੰਮੇ-ਸਮੇਂ ਲਈ ਸੰਭਾਲ ਦਾ ਹਿੱਸਾ ਹੈ।

ਇਹ ਗੱਲ ਨੋਟ ਕਰੋ ਕਿ ਜਿਹੜੇ ਪਰਿਵਾਰ ਸਰਕਾਰੀ ਫੰਡਾਂ ਨਾਲ ਚੱਲਣ ਵਾਲੇ ਹੋਰ ਪ੍ਰੋਗਰਾਮਾਂ ਤੋਂ ਮਦਦ ਲੈਂਦੇ ਹਨ, ਉਹ ਵੀ ਫੈਮਿਲੀ ਇੰਡੀਪੈਨਡੈਂਸ ਫੰਡ ਦੀਆਂ ਗਰਾਂਟਾਂ ਲਈ ਯੋਗ ਹਨ। ਪਰ ਇਨ੍ਹਾਂ ਵਾਧੂ ਫੰਡਾਂ ਦਾ ਸਰਕਾਰੀ ਮਦਦ ਨੂੰ ਦੁਹਰਾਉਣ ਵਾਲੇ ਨਹੀਂ ਸਗੋਂ ਇਸ ਵਿਚ ਵਾਧਾ ਕਰਨ ਵਾਲੇ ਹੋਣਾ ਜ਼ਰੂਰੀ ਹੈ।

ਫੈਮਿਲੀ ਇੰਡੀਪੈਨਡੈਂਸ ਫੰਡ, ਕਮਿਉਨਟੀ ਲਿਵਿੰਗ ਆਫ ਬ੍ਰਿਟਿਸ਼ ਕੋਲੰਬੀਆ (ਸੀ ਐੱਲ ਬੀ ਸੀ) ਤੋਂ ਮਿਲਣ ਵਾਲੀ ਮਾਇਕ ਸਹਾਇਤਾ ਨਾਲ ਸਥਾਪਤ ਕੀਤਾ ਗਿਆ ਸੀ।

**ਫੈਮਿਲੀ ਇੰਡੀਪੈਨਡੈਂਸ ਫੰਡ ਅਤੇ ਚਿਲਡਰਨ ਐਂਡ ਯੂਥ ਵਿਦ ਸਪੈਸ਼ਲ ਨੀਡਜ਼ ਫੰਡ ਦੋਨਾਂ ਬਾਰੇ ਪੂਰੇ ਵੇਰਵੇ ਲੈਣ ਲਈ ਕਿਰਪਾ ਕਰਕੇ ਇਹ ਵੈੱਬਸਾਈਟ ਦੇਖੋ:**

www.givinginaction.ca

# ਚਿਲਡਰਨ ਐਂਡ ਯੂਥ ਵਿਦ ਸਪੈਸ਼ਲ ਨੀਡਜ਼ ਫੰਡ

ਚਿਲਡਰਨ ਐਂਡ ਯੂਥ ਵਿਦ ਸਪੈਸ਼ਲ ਨੀਡਜ਼ ਫੰਡ (ਖਾਸ ਲੋੜਾਂ ਵਾਲੇ ਬੱਚਿਆਂ ਅਤੇ ਜਵਾਨਾਂ ਲਈ ਫੰਡ), ਉਨ੍ਹਾਂ ਪਰਿਵਾਰਾਂ ਨੂੰ ਗਰਾਂਟਾਂ ਦਿੰਦਾ ਹੈ ਜਿਨ੍ਹਾਂ ਦੇ ਖਾਸ ਲੋੜਾਂ ਵਾਲੇ ਬੱਚੇ ਜਾਂ ਜਵਾਨ (ਨਵਜੰਮੇ ਤੋਂ ਲੈ ਕੇ 19 ਸਾਲਾਂ ਤੱਕ ਦੀ ਉਮਰ ਦੇ) ਘਰ ਵਿਚ ਰਹਿ ਰਹੇ ਹਨ।

ਫੰਡ, ਬੱਚੇ ਜਾਂ ਜਵਾਨ ਦੀ ਸਿਹਤ, ਵਿਕਾਸ, ਜਾਂ ਘਰ ਵਿਚ, ਸਕੂਲ ਵਿਚ ਅਤੇ ਕਮਿਉਨਟੀ ਵਿਚਲੀਆਂ ਰੋਜ਼ਾਨਾ ਸਰਗਰਮੀਆਂ ਵਿਚ ਹਿੱਸਾ ਲੈਣ ਦੀ ਸਮਰੱਥਾ ਵਿਚ ਸੁਧਾਰ ਕਰਨ ਜਾਂ ਇਸ ਵਿਚ ਵਾਧਾ ਕਰਨ ਵਿਚ ਮਦਦ ਕਰਨ ਲਈ ਇਕ ਵਾਰੀ ਦਿੱਤੀ ਜਾਣ ਵਾਲੀ ਮਾਇਕ ਗਰਾਂਟ ਦੇਣ ਦੀ ਪੇਸ਼ਕਸ਼ ਕਰਦਾ ਹੈ। ਯੋਗ ਖਰਚਿਆਂ ਵਿਚ, ਘਰ ਅਤੇ ਗੱਡੀ ਵਿਚ ਸੁਧਾਈ ਵਰਗੀਆਂ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ।

ਫੰਡ, ਖਾਸ ਲੋੜਾਂ ਵਾਲੇ ਬੱਚੇ ਅਤੇ ਜਵਾਨ ਉਨ੍ਹਾਂ ਨੂੰ ਸਮਝਦਾ ਹੈ ਜਿਹੜੇ ਇਨ੍ਹਾਂ ਖੇਤਰਾਂ ਵਿੱਚੋਂ ਕਿਸੇ ਇਕ ਜਾਂ ਜ਼ਿਆਦਾ ਵਿਚ ਮਹੱਤਵਪੂਰਨ ਪੱਧਰ ਤੱਕ ਅਪਾਹਜ ਹਨ: ਸਿਹਤ, ਬੁੱਧੀ, ਗੱਲਬਾਤ, ਸੰਵੇਦਕ ਸੂਖਮ, ਸਮਾਜਿਕ/ਜਜ਼ਬਾਤੀ/ਵਿਵਹਾਰਕ ਜਾਂ ਸਵੈ ਮਦਦ ਦੇ ਖੇਤਰਾਂ ਵਿਚ।

ਚਿਲਡਰਨ ਐਂਡ ਯੂਥ ਵਿਦ ਸਪੈਸ਼ਲ ਨੀਡਜ਼ ਫੰਡ, ਪਰਿਵਾਰ ਦੀਆਂ ਉਨ੍ਹਾਂ ਲੋੜਾਂ ਦਾ ਹੱਲ ਕਰਨ ਵਿਚ ਮਦਦ ਕਰਦਾ ਹੈ ਜਿਹੜੀਆਂ ਇਸ ਵੇਲੇ ਸਰਕਾਰੀ ਫੰਡਾਂ ਨਾਲ ਚੱਲਣ ਵਾਲੇ ਪ੍ਰੋਗਰਾਮਾਂ ਵਲੋਂ ਪੂਰੀਆਂ ਨਹੀਂ ਹੋ ਰਹੀਆਂ। ਜੇ ਕਿਸੇ ਪਰਿਵਾਰ ਨੂੰ ਸਰਕਾਰੀ ਫੰਡਾਂ ਨਾਲ ਚੱਲਦੇ ਹੋਰ ਪ੍ਰੋਗਰਾਮਾਂ ਤੋਂ ਮਦਦ ਮਿਲਦੀ ਹੈ ਤਾਂ ਉਹ ਗਰਾਂਟਾਂ ਲਈ ਫੰਡ ਕੋਲ ਅਪਲਾਈ ਕਰ ਸਕਦੇ ਹਨ ਪਰ ਸਿਰਫ ਤਾਂ ਹੀ ਜੇ ਇਹ ਫੰਡ ਸਰਕਾਰੀ ਮਦਦ ਵਿਚ ਵਾਧਾ ਕਰਦਾ ਹੈ ਨਾ ਕਿ ਇਸ ਦੀ ਨਕਲ ਕਰਦਾ ਹੈ।

ਇਹ ਫੰਡ ਬੀ ਸੀ ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ (ਬੀ ਸੀ ਦੇ ਬੱਚਿਆਂ ਅਤੇ ਪਰਿਵਾਰਕ ਵਿਕਾਸ ਦੇ ਮਹਿਕਮੇ) ਵਲੋਂ ਸਥਾਪਤ ਕੀਤਾ ਗਿਆ ਸੀ।